# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. ਨੰ: 104-106, ਦੂਜੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਸਮੂਹ ਸਕੂਲ ਮੁੱਖੀ
ਪੰਜਾਬ ।

ਮੀਮੋ ਨੰ: 2013/ਡੀ.ਜੀ.ਐਸ.ਈ./ਕੋਆਰਡੀਨੇਸ਼ਨ/004229 - 32
ਮਿਤੀ: ਚੰਡੀਗੜ੍ਹ, 28.02.2013

**ਵਿਸ਼ਾ:- ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਮੈਟ੍ਰਿਕ ਅਤੇ +2 ਦੀਆਂ ਸਲਾਨਾ ਪ੍ਰੀਖਿਆਵਾਂ ਮਾਰਚ 2013 ਵਿੱਚ ਨਕਲ ਨੂੰ ਰੋਕਣ ਲਈ ਕਾਰਗਰ ਕਦਮ ਚੁੱਕਣ ਬਾਰੇ।**

**ਹਵਾਲਾ:** ਐਸ.ਐਸ.ਏ/ ਕੋਆਰਡੀਨੇਸ਼ਨ/2013/003779-003781, ਮਿਤੀ, ਚੰਗੀਗੜ੍ਹ: 19.02.2013 ਦੀ ਲਗਾਤਾਰਤਾ ਵਿੱਚ।

ਉਪਰੋਕਤ ਹਵਾਲਾ ਅਧੀਨ ਪੱਤਰ ਦੇ ਪੈਰ੍ਹਾ ਨੰ: 17 ਸਬੰਧੀ ਇੱਕ ਵਾਰ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਸ ਦਿਨ ਕਿਸੇ ਸੈਂਟਰ ਵਿੱਚ ਪ੍ਰੀਖਿਆ ਨਹੀਂ ਹੋ ਰਹੀ ਹੋਵੇ ਤਾਂ ਉਸ ਸੈਂਟਰ ਨਾਲ ਸਬੰਧਤ ਸਮੂਹ ਪ੍ਰੀਖਿਆ ਅਮਲਾ ਆਪਣੇ ਪਿਤਰੀ ਸਕੂਲ ਵਿੱਚ ਹਾਜ਼ਰ ਹੋਵੇਗਾ ਅਤੇ ਸਕੂਲ ਦੇ ਹਾਜ਼ਰੀ ਰਜਿਸਟਰ ਵਿੱਚ ਹਾਜ਼ਰੀ ਲਗਾਏਗਾ। ਇਸ ਤਰ੍ਹਾਂ ਜਦੋਂ ਕਿਸੇ ਸੈਂਟਰ ਵਿੱਚ ਕਿਸੇ ਪ੍ਰੀਖਿਆ ਵਾਲੇ ਦਿਨ ਬੱਚਿਆਂ ਦੀ ਗਿਣਤੀ ਘੱਟ ਹੋਵੇ ਤਾਂ ਸੈਂਟਰ ਸੁਪਰਡੰਟ ਵੱਲੋਂ ਜਿਹੜੇ ਨਿਗਰਾਨ ਸਟਾਫ ਨੂੰ ਡਿਊਟੀ ਤੋਂ ਫਾਰਗ ਕੀਤਾ ਜਾਵੇਗਾ ਤਾਂ ਉਹ ਨਿਗਰਾਨ ਸਟਾਫ ਆਪਣੇ ਪਿਤਰੀ ਸਕੂਲ ਵਿੱਚ ਹਾਜ਼ਰ ਹੋਵੇਗਾ। ਸੈਂਟਰ ਸੁਪਰਡੰਟ ਇਹ ਯਕੀਨੀ ਬਣਾਉਣਗੇ ਕਿ ਜਿਹੜੀ ਮਿਤੀਆਂ ਨੂੰ ਪ੍ਰੀਖਿਆ ਸਟਾਫ ਵੱਲੋਂ ਪੇਪਰਾਂ ਵਿੱਚ ਡਿਊਟੀ ਦਿੱਤੀ ਗਈ ਹੈ ਕੇਵਲ ਉਹਨਾਂ ਦਿਨਾਂ ਦੀ ਹੀ ਮਿਤੀਵਾਰ ਹਾਜ਼ਰੀ ਰਿਪੋਰਟ ਦਿੱਤੀ ਜਾਵੇ। ਇੱਕ ਵਾਰ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਸ ਦਿਨ ਨਿਗਰਾਨ ਸਟਾਫ ਪ੍ਰੀਖਿਆ ਕੇਂਦਰ ਤੇ ਡਿਊਟੀ ਦੇਵੇਗਾ, ਉਸ ਦਿਨ ਉਸ ਨੂੰ ਪਿਤਰੀ ਸਕੂਲ ਹਾਜਰ ਹੋਣ ਤੋਂ ਛੋਟ ਹੋਵੇਗੀ।

ਉਪਰੋਕਤ ਸਬੰਧੀ ਜੇਕਰ ਸਪਸ਼ਟੀਕਰਨ ਦੀ ਜਰੂਰਤ ਹੋਵੇ ਤਾਂ ਸ਼੍ਰੀ ਬਲਵਿੰਦਰ ਸਿੰਘ, ਏ.ਐਸ.ਪੀ.ਡੀ (ਕੋਆਰਡੀਨੇਸ਼ਨ), **9914840601** ਮੁੱਖ ਦਫਤਰ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**